# ਰੋਜਾਨਾ ਕਰਾਈਮ ਡਾਇਰੀ
# ਮਿਤੀ 05-04-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|
| 1. | ਚਾਟੀਵਿੰਡ | ਮੁਕਦਮਾ ਨੰਬਰ 44 ਮਿਤੀ 04.04.2024 ਜੁਰਮ 304-ਏ,279,427 ਭ;ਦ | ਪ੍ਰਭਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਹਾਊਸ ਨੰਬਰ 15 ਗਲੀ ਨੰਬਰ 08-ਏ ਗੰਡਾ ਸਿੰਘ ਕਲੋਨੀ ਤਰਨ ਤਾਰਨ ਰੋਡ ਅੰਮ੍ਰਿਤਸਰ ਉਮਰ ਕ੍ਰੀਬ 35 ਸਾਲ 9417648002 | ਨਾਂ-ਮਲੂਮ ਵਿਅਕਤੀ | ਮੁਦਈ ਨੇ ਬਿਆਨ ਕੀਤਾ ਕਿ ਕੱਲ ਮਿਤੀ 03.04.2024 ਨੂੰ ਮੈਂ ਆਪਣੀ ਐਕਟਿਵਾ ਤੇ ਸਵਾਰ ਹੋ ਕੇ ਗੁਰਦੁਆਰਾ ਬਾਬਾ ਨੋਧ ਸਿੰਘ ਦੀ ਸਮਾਧ ਤੇ ਮੱਥਾ ਟੇਕਣ ਲਈ ਜਾ ਰਿਹਾ ਸੀ ਕਿ ਗੁਰਦੁਆਰਾ ਟਾਹਲਾ ਸਾਹਿਬ ਦੇ ਗੇਟ ਲਾਗੇ ਮੇਰੇ ਚਾਚੇ ਦਾ ਲੜਕਾ ਸਾਹਿਬਪ੍ਰੀਤ ਸਿੰਘ ਪੁੱਤਰ ਰਵਿੰਦਰ ਸਿੰਘ ਵਾਸੀ ਹਾਊਸ ਨੰਬਰ 08 ਗਲੀ ਨੰਬਰ 08-ਏ ਗੰਡਾ ਸਿੰਘ ਕਲੋਨੀ ਤਰਨ ਤਾਰਨ ਰੋਡ ਅੰਮ੍ਰਿਤਸਰ ਜੋ ਆਪਣੀ ਕਾਰ i-20 ਨੰਬਰੀ ਪੀ.ਬੀ-65-ਵੀ-5489 ਤੇ ਸਵਾਰ ਸੀ ਮੈਨੂੰ ਮਿਲਿਆ ਜਿਸ ਨੇ ਦੱਸਿਆ ਕਿ ਮੈਂ ਗੁਰਦੁਆਰਾ ਬਾਬਾ ਨੋਧ ਸਿੰਘ ਦੀ ਸਮਾਧ ਤੇ ਮੱਥਾ ਟੇਕਣ ਚੱਲਿਆ ਹਾਂ।ਫਿਰ ਮੇਰਾ ਭਰਾ ਆਪਣੀ ਕਾਰ ਤੇ ਮੇਰੇ ਅੱਗੇ ਅੱਗੇ ਤੇ ਮੈ ਉਸ ਦੇ ਪਿੱਛੇ-ਪਿੱਛੇ ਆਪਣੀ ਐਕਟਿਵਾ ਤੇ ਸਵਾਰ ਹੋ ਕੇ ਗੁਰਦੁਆਰਾ ਬਾਬਾ ਨੋਧ ਸਿੰਘ ਦੀ ਸਮਾਧ ਨੂੰ ਮੱਥਾ ਟੇਕਣ ਲਈ ਚੱਲ ਪਏ ਤਾਂ ਜਦ ਅਸੀ ਬੀਬੀ ਕੋਲਾਂ ਜੀ ਭਲਾਈ ਕੇਂਦਰ ਸਕੂਲ ਬ੍ਰਾਂਚ ਚੱਬਾ ਨਜਦੀਕ ਪੁੱਜੇ ਤਾਂ ਵਕਤ ਕ੍ਰੀਬ 9:30 ਰਾਤ ਦਾ ਹੋਵੇਗਾ ਸਾਹਮਣੇ ਤੋ ਇੱਕ ਟਰੱਕ ਨੰਬਰੀ ਐਚ.ਪੀ-38-ਡੀ-3889 ਜਿਸ ਨੂੰ ਚਾਲਕ ਬੜੀ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਚਲਾ ਰਿਹਾ ਸੀ ਗਲਤ ਸਾਈਡ ਲਿਆ ਕੇ ਮੇਰੇ ਭਰਾ ਸਾਹਿਬਪ੍ਰੀਤ ਸਿੰਘ ਦੀ ਕਾਰ ਵਿੱਚ ਮਾਰਿਆ ਜਿਸ ਨਾਲ ਮੇਰੇ ਭਰਾ ਸਾਹਿਬਪ੍ਰੀਤ ਸਿੰਘ ਦੀ ਮੋਕਾ ਪਰ ਹੀ ਮੋਤ ਹੋ ਗਈ ਤੇ ਕਾਰ ਚਕਨਾ ਚੂਰ ਹੋ ਗਈ। ਟਰੱਕ ਚਾਲਕ ਟਰੱਕ ਛੱਡ ਕੇ ਮੌਕਾ ਤੋਂ ਭੱਜ ਗਿਆ। | ---- | ASI ਬਲਦੇਵ ਸਿੰਘ/1225 7508445720 |
| 2. | ਕੰਬੋਅ | ਮੁਕਦਮਾ ਨੰਬਰ 49 ਮਿਤੀ 04.04.2024 ਜੁਰਮ 379-ਬੀ(2),34 ਭ:ਦ | ਭੁਮਾ ਸ਼ੰਕਰ ਪ੍ਰਸਾਦ ਪੁੱਤਰ ਸੀਤਾ ਰਾਮ ਪ੍ਰਸਾਦ ਵਾਸੀ ਸੰਧੂ ਕਲੋਨੀ ਪਿੰਡ ਤੁੰਗਪਾਈ ਕੁੰਡੇ ਵਾਲਾ ਖੂਹ ਬਟਾਲਾ ਰੋਡ ਅੰਮ੍ਰਿਤਸਰ 7889092375 | 1.ਕਰਨਦੀਪ ਸਿੰਘ ਪੁੱਤਰ ਜੱਸਾ ਸਿੰਘ ਵਾਸੀ ਪਿੰਡ ਰੋੜੀ 2.ਹਰਪ੍ਰੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਪਿੰਡ ਸੇਮਨਾਗ (**ਦੋਸੀ ਗ੍ਰਿਫਤਾਰ**) | ਮੁਦੱਈ ਨੇ ਬਿਆਨ ਕੀਤਾ ਕਿ ਮੈ ਮਜੀਠਾ ਰੋਡ ਬੱਲ ਕਲਾ ਕੈਮਰੀਜ ਇੰਡਸਟਰੀਜ ਵਿੱਚ ਬਤੌਰ ਫਾਰਮੈਨ ਡਿਊਟੀ ਕਰਦਾ ਹਾ ਮਿਤੀ 02-04-2024 ਨੂੰ ਮੈ ਡਿਊਟੀ ਖਤਮ ਹੋਣ ਤੋ ਬਾਅਦ ਸਾਮ 6 ਵਜੇ ਘਰ ਵਾਪਿਸ ਜਾਣ ਲੱਗਾ ਤਾਂ ਮੈ ਬੱਲ ਕਲਾਂ ਫੈਕਟਰੀ ਤੋ ਬਾਹਰ ਨਿਕਲਿਆ ਤਾਂ ਬਾਹਰ ਸੜਕ ਤੇ 2 ਮੋਨੇ ਨਾਮਲੂਮ ਨੋਜਵਾਨ ਖੜੇ ਸਨ, ਜਿੰਨਾ ਦੇ ਹੱਥ ਵਿੱਚ ਦਾਤਰ ਸਨ। ਜਿੰਨਾ ਨੇ ਮੈਨੂੰ ਰੋਕ ਕੇ ਮੇਰੇ ਕੋਲੋ 500 ਰੁਪਏ ਅਤੇ ਮੇਰਾ ਮੋਬਾਇਲ ਫੋਨ ਖੋਹ ਲਿਆ ਅਤੇ ਮੈਨੂੰ ਧੱਕਾ ਦੇ ਕੇ ਮੇਰਾ ਮੋਟਰਸਾਇਕਲ ਬਜਾਜ ਪੱਲਸਰ ਨੰਬਰੀ ਪੀ.ਬੀ02-ਈ.ਬੀ-9849 ਖੋਹ ਕੇ ਫਰਾਰ ਹੋ ਗਏ ਸਨ । ਜੋ ਨਾਮਲੂਮ ਦੋਸੀਆ ਦੀ ਮੈ ਅੱਜ ਤੱਕ ਭਾਲ ਕਰਦਾ ਰਿਹਾ ਹਾ । ਜੋ ਮੈਨੂੰ ਪਤਾ ਲੱਗਾ ਹੈ ਕਿ ਲੁੱਟ ਖੋਹ ਕਰਨ ਵਾਲੇ ਨੋਜਵਾਨ ਕਰਨਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਹਨ।ਜਿਸਤੇ ਦੋਸੀਆ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | 02 ਦਾਤਰ, 02 ਮੋਬਾਇਲ ਫੋਨ ਅਤੇ ਇੱਕ ਮੋਟਰਸਾਇਕਲ | ASI ਅਮਰ ਸਿੰਘ/1189 9780005710 |
| 3. | ਝੰਡੇਰ | ਮੁਕਦਮਾ ਨੰਬਰ 17 ਮਿਤੀ 04.04.2024 ਜੁਰਮ 302 ਭ:ਦ: | ਸਿਮਰਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਕੰਦੋਵਾਲੀ | ਅੰਮ੍ਰਿਤਪਾਲ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਕੰਦੋਵਾਲੀ (**ਗ੍ਰਿਫਤਾਰ**) | ਮੁਦਈ ਨੇ ਬਿਆਨ ਕੀਤਾ ਗਿਆ ਹੈ ਕਿ ਉਸਦੇ ਗੁਆਢ ਵਿੱਚ ਉਸਦੇ ਤਾਏ ਸਰਬਜੀਤ ਸਿੰਘ ਪੁੱਤਰ ਅਮਰੀਕ ਸਿੰਘ ਦਾ ਘਰ ਹੈ। ਮਿਤੀ 04.04.2024 ਨੂੰ ਵਕਤ ਕ੍ਰੀਬ 04:30 ਸੁਭਾ ਦਾ ਹੋਵੇਗਾ ਕਿ ਉਸਨੂੰ ਆਪਣੇ ਤਾਏ ਦੇ ਘਰੋ ਚੀਕਾ ਦੀ ਅਵਾਜ ਸੁਣੀ ਜਦ ਉਸ ਨੇ ਆਪਣੇ ਤਾਏ ਦੇ ਘਰ ਆ ਕੇ ਦੇਖਿਆ ਤਾਂ ਉਸਦੇ ਤਾਏ ਦਾ ਲੜਕਾ ਅੰਮ੍ਰਿਤਪਾਲ ਸਿੰਘ ਘਰ ਦੇ ਵਿਹੜੇ ਵਿੱਚ ਖੜਾ ਸੀ ਜਿਸ ਨੇ ਆਪਣੇ ਹੱਥ ਵਿੱਚ ਖੂਨ ਦਾ ਲਿਬੜਿਆ ਦਾਤਰ ਫੜਿਆ ਸੀ, ਜਦ ਉਸਨੇ ਅੰਦਰ ਜਾ ਕੇ ਦੇਖਿਆ ਤਾਂ ਉਸਦੀ ਤਾਈ ਮਨਬੀਰ ਕੌਰ ਪਤਨੀ ਸਰਬਜੀਤ ਸਿੰਘ (ਉਮਰ 60 ਸਾਲ), ਭਰਜਾਈ ਅਵਨੀਤ ਕੌਰ ਪਤਨੀ ਪ੍ਰਿਤਪਾਲ ਸਿੰਘ (ਉਮਰ ਕਰੀਬ 34/35 ਸਾਲ) ਤੇ ਭਤੀਜੇ ਸਮਰੱਥ ਸਿੰਘ (ਉਮਰ 2/3 ਸਾਲ) ਪੁੱਤਰ ਪ੍ਰਿਤਪਾਲ ਸਿੰਘ ਦੀਆਂ ਲਾਸ਼ਾ ਅੰਦਰ ਪਈਆ ਸਨ। ਜਿਸ ਤੇ SI/SHO ਦਵਿੰਦਰ ਸਿੰਘ ਵੱਲੋ ਉਕਤ ਮੁਕੱਦਮਾ ਬਾ ਜੁਰਮ ਉਕਤ ਦਰਜ ਰਜਿਸਟਰ ਕੀਤਾ ਗਿਆ। | ---- | SI/SHO ਦਵਿੰਦਰ ਸਿੰਘ 7888923073 |
| 4. | ਲ਼ੋਪੋਕੇ | ਮੁਕਦਮਾ ਨੰਬਰ 67 ਮਿਤੀ 04.04.2024 ਜੁਰਮ 307,341,506,120-ਬੀ,148,149 ਭ.ਦ 25/27/54/59 | ਗੁਰਸਾਹਿਬ ਸਿੰਘ ਪੁੱਤਰ ਰਾਜ ਸਿੰਘ ਵਾਸੀ ਸਾਰੰਗੜਾ | 1.ਦਿਆ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਸਿਾਰੰਗੜਾ 2.ਰਜਿੰਦਰ | ਮੁਦਈ ਨੇ ਬਿਆਨ ਕੀਤਾ ਕਿ ਕੱਲ ਮਿਤੀ 03.04.2024 ਨੂੰ ਵਕਤ ਕ੍ਰੀਬ 10.00 PM ਰਾਤ ਦਾ ਹੋਵੇਗਾ ਕਿ ਮੈਂ ਤੇ ਮੇਰਾ ਦੋਸਤ ਨਰਿੰਦਰ ਸਿੰਘ ਉਰਫ ਨਿੰਦਾ ਪੁੱਤਰ ਨਛੱਤਰ ਸਿੰਘ ਵਾਸੀ ਪਿੰਡ ਸਾਰੰਗੜਾ ਨਾਲ ਆਪਣੀ ਗੱਡੀ ਨੰਬਰੀ PB-02-DC-7722 ਮਾਰਕਾ ਮਾਰੂਤੀ ਆਲਟੋ ਪਰ | ---- | SI ਵਿਲਸਨ ਕੁਮਾਰ 2771 ਮੋ.6238017052 |

| | | | | | | | |
|---|---|---|---|---|---|---|---|
| | | ਅਸਲਾ ਐਕਟ | 9855774121 | ਸਿੰਘ ਉਰਫ ਟੀਟਾ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਵਣੀਏਕੇ 3.ਗੁਰਅਵਤਾਰ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਪਿੰਡ ਵਣੀਏਕੇ 4.ਗੁਰਭਗਤ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਸਿਾਰੰਗੜਾ 5.ਨਿਰਵੈਲ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਸਾਰੰਗੜਾ 6.ਬੂਟਾ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਸਾਰੰਗੜਾ 7.ਪੂਰਨ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਸਾਰੰਗੜਾ **(ਭਗੋੜੇ)** | ਸਵਾਰ ਹੋ ਕੇ ਆਪਣੇ ਕਿਸੇ ਜਰੂਰੀ ਕੰਮ ਸਬੰਧੀ ਪਿੰਡ ਲੋਪੋਕੇ ਨੂੰ ਜਾ ਰਹੇ ਸੀ। ਜਦ ਅਸੀਂ ਪਿੰਡ ਦੇ ਬਾਹਰ ਵਾਰ ਸੂਏ ਪਾਸ ਪੁੱਜੇ ਤਾਂ ਮੈਂ ਆਪਣੀ ਗੱਡੀ ਦੀਆਂ ਲਾਇਟਾਂ ਦੀ ਰੋਸ਼ਨੀ ਵਿੱਚੋਂ ਦੇਖਿਆ ਕਿ ਸਾਡੇ ਪਿੰਡ ਦਾ ਦਿਆ ਸਿੰਘ ਦਸਤੀ ਰਿਵਾਲਵਰ ਸਮੇਤ ਆਪਣੀ ਗੱਡੀ i-20 ਰੰਗ ਚਿੱਟਾ ਜਿਸਦਾ ਨੰਬਰ 6168 ਮੈਂ ਪੜਿਆ ਖੜਾ ਮਿਲਿਆ ਸੀ। ਜਿਸ ਨੇ ਮੈਨੂੰ ਆਪਣੇ ਹੱਥ ਨਾਲ ਰੁੱਕਣ ਦਾ ਇਸਾਰਾ ਕੀਤਾ ਤਾਂ ਮੈਂ ਆਪਣੀ ਗੱਡੀ ਰੋਕ ਕੇ ਆਪਣੀ ਗੱਡੀ ਵਿੱਚੋਂ ਬਾਹਰ ਨਿਕਲਿਆ ਤਾਂ ਇੰਨੇ ਚਿਰ ਵਿੱਚ ਹੀ ਦਿਆ ਸਿੰਘ ਨੇ ਆਪਣੇ ਦਸਤੀ ਰਿਵਾਲਵਰ ਨਾਲ ਮਾਰ ਦੇਣ ਦੀ ਨੀਅਤ ਨਾਲ ਸਿੱਧੀ ਗੋਲੀ ਮੇਰੇ ਵੱਲ ਮਾਰੀ। ਜੋ ਇਹ ਗੋਲੀ ਮੇਰੀ ਸੱਜੀ ਲੱਤ ਦੇ ਪੱਟ ਦੇ ਵਿੱਚ ਵੱਜੀ ਅਤੇ ਫਿਰ ਮੈਂ ਥੱਲੇ ਜਮੀਨ ਤੇ ਡਿੱਗ ਪਿਆ। ਫਿਰ ਮੈਂ ਆਪਣੀ ਗੱਡੀ ਦੀ ਲਾਇਟਾਂ ਵਿੱਚੋਂ ਦੇਖਿਆਂ ਕਿ ਦਿਆ ਸਿੰਘ ਦੀ ਗੱਡੀ ਅਗਲੀ ਸੀਟ ਡਰਾਇਵਰ ਸਾਇਡ ਤੋਂ ਰਜਿੰਦਰ ਸਿੰਘ ਮੁੱਸਲਾ ਰਿਵਾਲਵਰ, ਪਿਛਲੀ ਸੀਟ ਤੋਂ ਗੁਰਅਵਤਾਰ ਸਿੰਘ ਮੁੱਸਲਾ ਸਪਰਿੰਗ ਫੀਲਡ, ਗੁਰਭਗਤ ਸਿੰਘ ਖਾਲੀ ਹੱਥ ਅਤੇ ਨਿਰਵੈਲ ਸਿੰਘ ਖਾਲੀ ਹੱਥ ਥੱਲੇ ਉਤਰੇ ਤੇ ਮੇਰੇ ਦੇਖਦੇ-ਦੇਖਦੇ ਹੀ ਰਜਿੰਦਰ ਸਿੰਘ ਨੇ ਆਪਣੇ ਦਸਤੀ ਰਿਵਾਲਵਰ ਨਾਲ ਮੇਰੇ ਤੇ ਮਾਰ ਦੇਣ ਦੀ ਨੀਅਤ ਨਾਲ ਸਿੱਧੀ ਗੋਲੀ ਮੇਰੇ ਮਾਰੀ ਜੋ ਖਹਿਕੇ ਲੰਘ ਗਈ ।ਜਿਸ ਤੇ ਮੁਕੱਦਮਾ ਦਰਜ ਕੀਤਾ ਗਿਆ। | | |
| 5. | ਮਹਿਤਾ | ਮੁਕਦਮਾ ਨੰਬਰ 25 ਮਿਤੀ 04.04.2024 ਜੁਰਮ 452,324,323,148,149 ਭ:ਦ: | ਰਾਜਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਪਿੰਡ ਚੰਨਣਕੇ ਉਮਰ ਕ੍ਰੀਬ 27 ਮੋ:89681-46665 | ਗੁਰਮੁੱਖ ਸਿੰਘ ਪੁੱਤਰ ਗੁਰਦੀਪ ਸਿੰਘ , ਜੋਬਨਪ੍ਰੀਤ ਸਿੰਘ ਪੁੱਤਰ ਗੁਰਮੁੱਖ ਸਿੰਘ, ਹਰਪਾਲ ਸਿੰਘ ਪੁੱਤਰ ਗੁਰਮੁੱਖ ਸਿੰਘ , ਸੁਖਜਿੰਦਰ ਸਿੰਘ ਪੁੱਤਰ ਬਖਸੀਸ ਸਿੰਘ, ਰਣਜੋਧ ਸਿੰਘ ਪੁੱਤਰ ਸੁਖਜਿੰਦਰ ਸਿੰਘ , ਅੰਮ੍ਰਿਤਪਾਲ ਸਿੰਘ ਪੁੱਤਰ ਸੁਖਜਿੰਦਰ ਸਿੰਘ , ਸਰਬਜੀਤ ਸਿੰਘ ਪੁੱਤਰ ਗੁਰਦੀਪ ਸਿੰਘ , ਨਿੱਕੂ ਪੁੱਤਰ ਬਖਸੀਸ ਸਿੰਘ , ਕਾਕੂ ਪੁੱਤਰ ਨਿੱਕੂ , ਤਰਸੇਮ ਸਿੰਘ ਪੁੱਤਰ ਹਰਦੀਪ ਸਿੰਘ , ਹਰਪ੍ਰੀਤ ਕੌਰ ਪਤਨੀ ਤਰਸੇਮ ਸਿੰਘ , ਹਰਦੀਪ ਸਿੰਘ ਪੁੱਤਰ ਮੋਹਨ ਸਿੰਘ , ਜਗਤਾਰ ਸਿੰਘ ਪੁੱਤਰ ਜਗੀਰ ਸਿੰਘ ਸਾਰੇ ਵਾਸੀਆਨ ਚੰਨਣਕੇ 7-8 ਅਣਪਛਾਤੇ ਵਿਅਕਤੀ **(ਗ੍ਰਿਫਤਾਰੀ ਨਿੱਲ)** | ਮੁਦਈ ਉਕਤ ਨੇ ਬਿਆਨ ਦਿੱਤਾ ਕਿ ਉਸਦੇ ਤਾਏ ਦੇ ਲੜਕੇ ਤਰਸੇਮ ਸਿੰਘ ਨੇ ਉਹਨਾ ਦੇ ਘਰ ਅੱਗੇ ਰੂੜੀ ਲਗਾਈ ਹੋਈ ਸੀ ਜੋ ਮੁਦੇਈ ਤਰਸੇਮ ਸਿੰਘ ਨੂੰ ਰੂੜੀ ਲਗਾਉਣ ਤੋ ਮਨਾ ਕਰਦਾ ਸੀ ਜੋ ਤਰਸੇਮ ਸਿੰਘ ਬਜਿੱਦ ਸੀ ਜੋ ਪਿੰਡ ਦੀ ਪੰਚਾਇਤ ਨੇ ਮਿਤੀ 01.04.2024 ਨੂੰ ਦੋਵਾ ਧਿਰਾ ਨੂੰ ਇੱਕਠੀਆ ਕਰਕੇ ਤਰਸੇਮ ਸਿੰਘ ਨੂੰ ਸਮਝਾਇਆਂ ਤੇ ਜੁਬਾਨੀ ਤੌਰ ਤੇ ਰੂੜੀ ਚੁੱਕਣ ਵਾਸਤੇ ਰਾਜੀਨਾਵਾ ਕਰਾਇਆਂ ਜੋ ਦੋਵੇ ਧਿਰਾ ਆਪੋ ਆਪਣੇ ਘਰ ਚਲੀਆ ਗਈਆ ਤੇ ਉਸੇ ਰਾਤ ਵਕਤ ਕ੍ਰੀਬ 08:30 ਵਜੇ ਤਰਸੇਮ ਸਿੰਘ ਸਮੇਤ ਉਕਤਾਨ ਦੋਸੀਆਨ ਲੈ ਕੇ ਮੁਦਈ ਉਕਤ ਦੇ ਘਰ ਅੰਦਰ ਦਾਖਲ ਹੋ ਕੇ ਮੁਦਈ ਉਕਤ ਦੀ ਮਾਰ ਕੁਟਾਈ ਕੀਤੀ ਜੋ ਪਿੰਡ ਦੇ ਮੈਬਰ ਪੰਚਾਇਤ ਸਰਬਜੀਤ ਸਿੰਘ ਨੇ ਸਵਾਰੀ ਦਾ ਪ੍ਰਬੰਧ ਕਰਕੇ ਮੁਦਈ ਉਕਤ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਦਾਖਲ ਕਰਾਇਆਂ ਜੋ ਬਿਆਨ ਬਾਲਾ ਅਤੇ ਡਾਕਟਰੀ ਨਤੀਜਾ ਤੋ ਉਕਤ ਧਰਾਵਾ ਤਹਿਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ---- | ASI ਬਲਕਾਰ ਸਿੰਘ/1068 9780003935 |
| 6. | ਤਰਸਿੱਕਾ | ਮੁਕਦਮਾ ਨੰਬਰ 15 ਮਿੱਤੀ 04-04-24 ਜੁਰਮ 61-1-14 EX ACT | SI ਸੁਖਜਿੰਦਰ ਸਿੰਘ/2905 9915704856 | ਮੰਗਲ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਡੇਹਰੀਵਾਲ | ਅੱਜ ਮਨ ਐਸ.ਆਈ ਸਮੇਤ ਪੁਲਿਸ ਪਾਰਟੀ ਦੇ ਸਮੇਤ ਲੈਪਟਾਪ ਪ੍ਰਿੰਟਰ ਬਾ ਸਵਾਰੀ ਪ੍ਰਾਈਵੇਟ ਗੱਡੀ ਵਾ ਤਲਾਸ ਭੈੜੇ ਪੁਰਸਾ ਦੇ ਸਬੰਧ ਵਿੱਚ ਪੁਲ ਸੂਆ ਡੇਹਰੀਵਾਲ ਮੌਜੂਦ ਸੀ ਤਾ ਮੁਖਬਾਰ ਖਾਸ ਨੇ ਹਾਜਰ ਆ ਕਿ ਇਤਲਾਹ ਦਿੱਤੀ ਮੰਗਲ ਸਿੰਘ ਆਪਣੇ ਘਰ ਵਿੱਚ ਸਰਾਬ ਨਜਾਇਜ | 56250 ਐਮ ਐਲ ਸਰਾਬ ਨਜਾਇਜ | SI ਸੁਖਜਿੰਦਰ ਸਿੰਘ/2905 9915704856 |

| | | | | | | | |
|---|---|---|---|---|---|---|---|
| | | | | (ਗ੍ਰਿਫਤਾਰ) | ਕੱਢ ਕਿ ਵੇਚਣ ਦਾ ਧੰਦਾ ਕਰਦਾ ਹੈ ਜੇਕਰ ਹੁਣੇ ਹੀ ਉਸਦੇ ਘਰ ਰੇਡ ਕੀਤਾ ਜਾਵੇ ਤਾ ਸਰਾਬ ਬ੍ਰਾਮਦ ਹੋ ਸਕਦੀ ਹੈ ਜਿਸ ਤੇ ਮੁਕਦਮਾ ਦਰਜ ਕਰਕੇ ਮੁੱਢਲੀ ਤਫਤੀਸ ਅਮਲ ਵਿੱਚ ਲਿਆਦੀ ਗਈ। | | |
| 7. | ਤਰਸਿੱਕਾ | ਮੁਕਦਮਾ ਨੰਬਰ 16 ਮਿਤੀ 04-04-24 ਜੁਰਮ 324 IPC | ਗੁਰਵਿੰਦਰ ਸਿੰਘ ਪੁੱਤਰ ਨਿਰਮਲ ਵਾਸੀ ਬੇਰੀਆਵਾਲਾ ਉਮਰ 30 ਸਾਲ 9878188584 | ਹੀਰਾ ਸਿੰਘ ਪੁੱਤਰ ਹਰਕ੍ਰਿਸ਼ਨ ਸਿੰਘ ਵਾਸੀ ਬੇਰੀਆਵਾਲਾ (ਗ੍ਰਿਫਤਾਰੀ ਨਿੱਲ) | ਮੁਦਈ ਨੇ ਬਿਆਨ ਦਿੱਤਾ ਕਿ ਉਹ ਮਿਤੀ 31-03-2024 ਨੂੰ ਸ਼ਾਮ ਨੂੰ ਉਸਦੇ ਪਿਤਾ ਨਿਰਮਲ ਸਿੰਘ ਪੁੱਤਰ ਦਲੀਪ ਸਿੰਘ ਆਪਣੇ ਮੋਟਰਸਾਇਕਲ ਤੇ ਸਵਾਰ ਹੋ ਕੇ ਆਪਣੇ ਪਿੰਡ ਦੇ ਬਾਹਰ ਵਾਰ ਡਰੇਨ ਦੇ ਲਾਗੇ ਆਪਣੇ ਜਾਣਕਾਰ ਪਾਸ ਖੜਾ ਸੀ ਤਾਂ ਸੜਕ ਦੇ ਨਾਲ ਹੀ ਹੀਰਾ ਸਿੰਘ ਦੀ ਜਮੀਨ ਪੈਂਦੀ ਹੈ ਤੇ ਹੀਰਾ ਸਿੰਘ ਦੀ ਬਰਸੀਨ ਦੀ ਫਸਲ ਹੈ ਇਹ ਬਰਸੀਨ ਖੇਤ ਰੇਹੜੀ ਤੇ ਚਾਰ ਲੱਦ ਕੇ ਜਦ ਉਸਦੇ ਪਿਤਾ ਨਿਰਮਲ ਸਿੰਘ ਦੇ ਕੋਲ ਦੀ ਲੰਗਣ ਲੱਗਾ ਤਾਂ ਹੀਰਾ ਸਿੰਘ ਨੇ ਆਪਣੀ ਰੇਹੜੀ ਲਿਆ ਕੇ ਮੁਦਈ ਦੇ ਪਿਤਾ ਦੇ ਮੋਟਰਸਾਇਕਲ ਵਿਚ ਮਾਰੀ ਜਿਸ ਬਾਰੇ ਮੁਦਈ ਨੂੰ ਕਿਸੇ ਤੋ ਪਤਾ ਲੱਗਾ ਤਾ ਮੁਦਈ ਮੌਕਾ ਪਰ ਪਰ ਪੁੱਜ ਗਿਆ ਤਾਂ ਮਦਈ ਨੇ ਦੇਖਿਆ ਕਿ ਹੀਰਾ ਸਿੰਘ ਉਸਦੇ ਪਿਤਾ ਨਿਰਮਲ ਸਿੰਘ ਨਾਲ ਗਾਲੀ ਗਲੋਚ ਕਰ ਰਿਹਾ ਸੀ। ਮੁਦਈ ਨੇ ਹੀਰਾ ਸਿੰਘ ਨੂੰ ਗਾਲੀ ਗਲੋਚ ਕਰਨ ਤੋ ਰੋਕਿਆ ਤਾ ਹੀਰਾ ਸਿੰਘ ਨੇ ਆਪਣੀ ਰੇਹੜੀ ਵਿਚੋ ਚਾਰਾ ਵੱਡਣ ਵਾਲਾ ਦਾਤਰ ਕੱਢਿਆ ਤੇ ਸਿੱਦਾ ਵਾਰ ਮੁਦਈ ਦੇ ਸਿਰ ਪਰ ਕਰ ਦਿੱਤਾ। ਜਿਸ ਕਰਕੇ ਮੁਦਈ ਦੇ ਸਿਰ ਵਿਚੋ ਖੂਨ ਵੱਗਣ ਲੱਗ ਪਿਆ ਤਾ ਮੁਦਈ ਨੇ ਮਾਰ ਦਿੱਤਾ-ਮਾਰ ਦਿੱਤਾ ਦਾ ਰੋਲਾ ਪਾਇਆ ਤਾਂ ਹੀਰਾ ਸਿੰਘ ਮੋਕਾ ਤੋ ਦਾਤਰ ਸਮੇਤ ਦੌੜ ਗਿਆ।ਮੁਦਈ ਦੀ ਪਤਨੀ ਕੁਲਵਿੰਦਰ ਕੌਰ ਨੇ ਮੋਕਾ ਪਰ ਆ ਕੇ ਮੁਦਈ ਨੂੰ ਤਰਸਿੱਕਾ ਹਸਪਤਾਲ ਇਲਾਜ ਲਈ ਦਾਖਲ ਕਰਵਾਇਆ। ਜਿਸ ਤੇ ਮੁਕਦਮਾ ਦਰਜ ਕਰਕੇ ਮੁੱਢਲੀ ਤਫਤੀਸ ਅਮਲ ਵਿੱਚ ਲਿਆਦੀ ਗਈ। | --- | ASI ਲਖਵਿੰਦਰ ਸਿੰਘ/1049 8837660033 |
| 8. | ਜੰਡਿਆਲਾ ਗੁਰ | ਮੁਕਦਮਾ ਨੰਬਰ 78 ਮਿਤੀ 04.04.2024 ਜੁਰਮ 61-1-14 ਆਬਕਾਰੀ ਐਕਟ | HC ਅੰਮ੍ਰਿਤਪਾਲ ਸਿੰਘ/41 8288060133 | ਪ੍ਰਗਟ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਮੁਹੱਲਾ ਸ਼ੇਖੂਪੁਰਾ ਜੰਡਿਆਲਾ ਗੁਰੂ (ਗ੍ਰਿਫਤਾਰੀ ਨਿੱਲ) | ਮੁਖਬਾਰੀ ਠੋਸ ਹੋਣ ਤੇ ਬਰਖਿਲਾਫ :- ਪ੍ਰਗਟ ਸਿੰਘ ਉਰਫ ਕਾਕਾ ਪੁੱਤਰ ਚਰਨਜੀਤ ਸਿੰਘ ਵਾਸੀ ਡੇਰੇ ਵਾਲੀ ਗਲੀ ਮੁਹੱਲਾ ਸ਼ੇਖੂਪੁਰਾ ਜੰਡਿਆਲਾ ਗੁਰੂ ਦੇ ਖਿਲਾਫ ਮੁਕਦਮਾ ਉਕਤ ਦਰਜ ਕੀਤਾ ਗਿਆ | 40 ਬੋਤਲਾ ਨਜਾਇਜ ਸ਼ਰਾਬ | HC ਅੰਮ੍ਰਿਤਪਾਲ ਸਿੰਘ/41 8288060133 |
| 9. | ਜੰਡਿਆਲਾ ਗੁਰ | ਮੁਕਦਮਾ ਨੰਬਰ 79 ਮਿਤੀ 04.04.2024 ਜੁਰਮ 61-1-14 ਆਬਕਾਰੀ ਐਕਟ | ASI ਬਲਕਾਰ ਸਿੰਘ/1143 7837140198 | ਸਾਹਿਬ ਸਿੰਘ ਪੁਤਰ ਚਰਨ ਸਿੰਘ ਵਾਸੀ ਮੱਲੀਆ (ਗ੍ਰਿਫਤਾਰ) | ਮੁਖਬਾਰੀ ਠੋਸ ਹੋਣ ਤੇ ਬਰਖਿਲਾਫ ਸਾਹਿਬ ਸਿੰਘ ਪੁਤਰ ਚਰਨ ਸਿੰਘ ਵਾਸੀ ਮੱਲੀਆ ਬਾਬਤ ਉਕਤ ਨਜੈਜ ਸ਼ਰਾਬ ਦਾ ਧੰਦਾ ਕਰਨ ਸਬੰਧੀ ਖਿਲਾਫ ਮੁਕਦਮਾ ਉਕਤ ਦਰਜ ਕੀਤਾ ਗਿਆ | 10 ਬੋਤਲਾ ਨਜਾਇਜ ਸ਼ਰਾਬ | ASI ਬਲਕਾਰ ਸਿੰਘ/1143 7837140198 |
| 10. | ਜੰਡਿਆਲਾ ਗੁਰ | ਮੁਕਦਮਾ ਨੰਬਰ 80 ਮਿਤੀ 04.04.2024 ਜੁਰਮ 61-1-14 ਆਬਕਾਰੀ ਐਕਟ | ASI ਨਿਰਮਲ ਸਿੰਘ 9872130275 | ਜਤਿੰਦਰ ਸਿੰਘ ਪੁੱਤਰ ਬਖਸੀਸ ਸਿੰਘ ਵਾਸੀ ਛਾਪਾ ਰਾਮ ਸਿੰਘ (ਗ੍ਰਿਫਤਾਰੀ ਨਿੱਲ) | ਮੁਖਬਾਰੀ ਠੋਸ ਹੋਣ ਤੇ ਬਰਖਿਲਾਫ :- ਜਤਿੰਦਰ ਸਿੰਘ ਉਰਫ ਹਨੀ ਪੁੱਤਰ ਬਖਸੀਸ ਸਿੰਘ ਵਾਸੀ ਛਾਪਾ ਰਾਮ ਸਿੰਘ ਬਾਬਤ ਉਕਤ ਨਜੈਜ ਸ਼ਰਾਬ ਦਾ ਧੰਦਾ ਕਰਨ ਸਬੰਧੀ ਖਿਲਾਫ ਮੁਕਦਮਾ ਉਕਤ ਦਰਜ ਕੀਤਾ ਗਿਆ | 20 ਬੋਤਲਾ ਨਜਾਇਜ ਸ਼ਰਾਬ | ASI ਨਿਰਮਲ ਸਿੰਘ 9872130275 |
| 11. | ਅਜਨਾਲਾ | ਮੁਕਦਮਾ ਨੰਬਰ 56 ਮਿਤੀ 04.04.2024 ਜੁਰਮ 379 IPC 21(1) Mining Act | ASI ਅੰਗਰੇਜ ਸਿੰਘ/75 9780002748 | ਨਾਂ-ਮਾਲੂਮ | ਅੱਜ ਮਨ ASI ਸਮੇਤ ਸਾਥੀ ਕਰਮਚਾਰੀਆਂ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾਂ ਸਬੰਧੀ T-ਪੁਆਇੰਟ ਮੋੜ ਫੱਤੇਵਾਲ ਖੁਰਦ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਿੰਡ ਖਾਨਵਾਲ ਦੀ ਤਰਫੋ ਇਕ ਟਰੈਕਟਰ ਮਾਰਕਾ DI 750 ਸੋਨਾਲੀਕਾ ਬਿਨਾ ਨੰਬਰੀ ਡਬਲ ਟਾਇਰਾ ਵਾਲੀ ਟਰਾਲੀ ਜੋ ਰੇਤਾ ਨਾਲ ਭਰੀ ਹੈ ਆ ਰਹੀ ਹੈ ਜੋ ਨਾਕਾਬੰਧੀ ਦੋਰਾਨ ਉਕਤ ਟਰੈਕਟਰ-ਟਰਾਲੀ ਨੂੰ ਰੋਕਣ ਦਾ ਇਸ਼ਾਰਾ ਕੀਤਾ ਤਾਂ ਟਰੈਕਟਰ ਚਾਲਕ ਨੌਜਵਾਨ ਟਰੈਕਟਰ ਸਟਾਰਟ ਛੱਡ ਕੇ ਖੇਤਾ ਵਿਚ ਦੀ ਦੌੜ ਗਿਆ ਜਿਸ ਦਾ ਪਿੱਛਾ ਕੀਤਾ ਪਰ ਕਾਬੂ ਨਾ ਆ ਸਕਿਆ।ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | ਇਕ ਟਰੈਕਟਰ ਬਿਨਾ ਨੰਬਰੀ ਤੇ ਟਰਾਲੀ ਸਮੇਤ ਰੇਤਾ | ASI ਅੰਗਰੇਜ ਸਿੰਘ/75 9780002748 |

ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)
ਮਿਤੀ 04-04-2024